# ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦਾ 'ਸਾਥੀ': ਜਸਟਿਸ ਆਗ਼ਾ ਹੈਦਰ

ਮਲਵਿੰਦਰ ਜੀਤ ਸਿੰਘ ਵੜੈਚ

**ਪਿਛੋਕੜ**: ਜਦ 12 ਮਈ 1930 ਨੂੰ ਸਪੈਸ਼ਲ ਟ੍ਰਿਬਿਊਨਲ ਦੀ ਅਦਾਲਤ ਅੰਦਰ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਨੂੰ ਇਨਕਲਾਬੀ ਨਾਅਰੇ ਬੁਲੰਦ ਕਰਨੋਂ ਰੋਕਣ ਖ਼ਾਤਰ ਪੁਲਿਸ ਦੀ ਮਾਰ ਕੁਟਾਈ ਨੂੰ ਜਦੋਂ ਟ੍ਰਿਬਿਊਨਲ ਦੇ ਪ੍ਰੈਜ਼ੀਡੈਂਟ ਜਸਟਿਸ ਹਿਲਟਨ ਅਤੇ ਮੈਂਬਰ ਜਸਟਿਸ ਕੋਲਡਸਟਰੀਮ ਨੇ ਪੁਲਿਸ ਦੀ ਇਸ ਵਹਿਸ਼ੀਆਨਾ ਕਾਰਵਾਈ ਨੂੰ ਜਾਇਜ਼ ਠਹਿਰਾਣਾ ਚਾਹਿਆ ਤਾਂ ਜਸਟਿਸ ਆਗ਼ਾ ਹੈਦਰ ਨਾਬਰ ਹੋ ਗਏ, ਜਿਸ ਕਾਰਨ ਉਨ੍ਹਾਂ ਦੀ ਥਾਂਵੇ 21 ਜੂਨ ਤੋਂ ਜਸਟਿਸ ਅਬਦੁਲ ਕਾਦਰ ਨੂੰ ਲਾ ਦਿੱਤਾ ਸੀ।

ਸਰੋਤ: ਬਕੱਲਮ ਐਸ.ਐਮ.ਏ. ਕਾਜਮੀ, *ਇੰਡੀਅਨ ਐਕਸਪ੍ਰੈਸ*, ਡੇਹਰਾ ਦੂਨ, ਜੂਨ 18, 2002

## ਭਗਤ ਸਿੰਘ: 'ਸਾਕ-ਸੰਬੰਧੀਆਂ' ਵੱਲੋਂ ਉਲਾਹਮੇ ਤੇ ਉਲਾਹਮਾ

'ਹਰੇਕ ਮਹਾਨ ਹਸਤੀ ਪਿਛੇ ਉਹਦੀ ਵਿਰਾਸਤ ਦੀ ਰਾਖੀ ਲਈ ਸਾਕ-ਸੰਬੰਧੀ ਹੁੰਦੇ ਹੀ ਹਨ।' ਇਹ ਗੱਲ ਢੁਕਦੀ ਹੈ ਭਗਤ ਸਿੰਘ ਤੇ ਸੰਬੰਧਤ ਧਿਰਾਂ ਤੇ ਜਦੋਂ ਸ਼ਹੀਦ ਦੇ ਵਾਰਸਾਂ ਨੇ ਪਿਛੇ ਜਹੇ ਬਣੀਆਂ ਫਿਲਮਾਂ 'ਚ ਸ਼ਹੀਦ ਦੇ ਰੋਲ ਨੂੰ ਦਿੱਤੀ ਗਈ ਰੋਮਾਂਟਿਕ ਪੁੱਠ ਤੇ ਉਂਗਲੀ ਉਠਾਈ ਤਾਂ ਨਾਲ ਹੀ ਉਹਨਾਂ ਦੇ ਮੁਕਦਮੇ ਦੌਰਾਨ ਨਿਰਣਾਇਕ ਭੂਮਿਕਾ ਨਿਭਾਉਣ ਵਾਲੀਆਂ ਧਿਰਾਂ ਦੇ ਵਾਰਸ ਵੀ ਆਪਣੇ ਉਲਾਂਮੇਂ ਲੈਕੇ ਸਾਹਮਣੇ ਆਉਣ ਲੱਗ ਪਏ ਹਨ।

ਲਾਹੌਰ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਆਗ਼ਾ ਹੈਦਰ ਜਿਨ੍ਹਾਂ ਨੇ ਸ਼ਹੀਦ ਦੇ ਮੁਕਦਮੇ ਦੌਰਾਨ ਗੋਰੇ ਜੱਜਾਂ ਦਾ ਦੁਮ ਡਲਾ ਬਨਣੋਂ ਸਾਫ਼ ਇਨਕਾਰ ਕਰ ਦਿੱਤਾ ਸੀ, ਉਹਨਾਂ ਦੇ ਸਾਕ-ਸੰਬੰਧੀ ਬੜੀ ਸ਼ਿਦਤ ਨਾਲ ਮਹਿਸੂਸ ਕਰ ਰਹੇ ਹਨ ਕਿ ਉਹਨਾਂ ਵੱਲੋਂ ਨਿਭਾਈ ਗਈ ਬੇਮਿਸਾਲ ਭੂਮਿਕਾ ਦਾ ਫਿਲਮਾਂ 'ਚ ਕਿਤੇ ਜ਼ਿਕਰ ਤੱਕ ਵੀ ਨਹੀਂ ਆ ਰਿਹਾ, ਅਤੇ ਨਾ ਹੀ ਇਤਿਹਾਸਕਾਰਾਂ ਨੇ ਕੀਤੈ, ਜੋ ਭਗਤ ਸਿੰਘ ਦੇ ਛੋਟੇ ਭਰਾ ਕੁਲਤਾਰ ਸਿੰਘ ਵੀ ਮਹਿਸੂਸ ਕਰਦੇ ਹਨ।

ਜਸਟਿਸ ਸਯੱਦ ਆਗ਼ਾ ਹੈਦਰ ਸਹਾਰਨਪੁਰ ਦੇ ਇੱਕ ਚੋਟੀ ਦੇ ਜਿਮੀਂਦਾਰ ਘਰਾਣੇ 'ਚੋਂ ਸਨ ਅਤੇ ਜਿਨ੍ਹਾਂ ਇੰਗਲੈਂਡ ਤੋਂ ਵਕਾਲਤ ਪਾਸ ਕਰਕੇ ਪਹਿਲੋਂ-ਪਹਿਲ ਅਲਾਹਾਬਾਦ ਹਾਈ ਕੋਰਟ 'ਚ ਪਰੈਕਟਿਸ ਕੀਤੀ; ਜਿੱਥੇ ਮਗਰੋਂ ਉਹਨਾਂ ਨੂੰ ਜੱਜ ਨਿਯੁਕਤ ਕਰ ਦਿੱਤਾ ਗਿਆ ਤੇ 1925 ਵਿੱਚ ਉਹਨਾਂ ਦੀ ਬਦਲੀ ਲਾਹੌਰ ਹਾਈ ਕੋਰਟ ਕਰ ਦਿੱਤੀ ਗਈ ਸੀ।

ਉਹ ਉਸ ਸਪੈਸਲ ਟ੍ਰਿਬਿਊਨਲ ਦੇ ਪਹਿਲੇ ਬੈਚ 'ਚ ਸ਼ਾਮਲ ਸਨ, ਜਿਸ ਨੇ ਭਗਤ ਸਿੰਘ ਤੇ ਸਾਥੀਆਂ 'ਤੇ ਦਾਇਰ ਲਾਹੌਰ ਸਾਜਿਸ਼ ਕੇਸ 1930 ਦੀ ਸੁਣਵਾਈ ਕਰਨੀ ਸੀ। ਇਹ ਬੈਂਚ ਜਸਟਿਸ ਹਿਲਟਨ (ਪ੍ਰੈਜੀਡੈਂਟ), ਜਸਟਿਸ ਆਗ਼ਾ ਹੈਦਰ ਅਤੇ ਜਸਟਿਸ ਕੋਲਡਸਟਰੀਮ (ਮੈਂਬਰਾਨ) ਤੇ ਆਧਾਰਿਤ ਸੀ। 12 ਮਈ ਨੂੰ ਭਗਤ ਸਿੰਘ ਤੇ ਸਾਥੀ ਪੂੰਛ ਹਾਊਸ ਸਥਿਤ ਅਦਾਲਤ 'ਚ ਲੈ ਆਂਦੇ ਗਏ। ਉਹ ਜਦੋਂ ਇਨਕਲਾਬੀ ਨਾਅਰੇ ਲਾਉਂਦੇ ਹੋਏ ਅਦਾਲਤ 'ਚ ਪਹੁੰਚੇ ਤਾਂ ਜਸਟਿਸ ਹਿਲਟਨ ਨੇ ਪੁਲਿਸ ਨੂੰ ਹੁਕਮ ਦਿੱਤਾ ਕਿ ਇਹਨਾਂ ਨੂੰ ਜਬਰੀ ਅਦਾਲਤ ਚੋਂ ਹਟਾ ਦਿੱਤਾ ਜਾਏ। ਸਿੱਟੇ ਵੱਜੋਂ ਪੁਲਿਸ ਨੇ ਦੋਸ਼ੀਆਂ ਨੂੰ ਅਦਾਲਤ ਅੰਦਰ ਹੀ ਬੇ-ਹਤਾਸ਼ਾ ਮਾਰਦਿਆਂ-ਕੁਟਦਿਆਂ ਘਸੀਟ-ਘਸੀਟ ਕੇ ਬਾਹਰ ਕੱਢਿਆ ਸੀ (ਦੱਸਿਆ ਜਾਂਦੈ ਕਿ ਜਸਟਿਰ ਆਗ਼ਾ ਹੈਦਰ ਉਸ ਘੜੀ 'ਵਾਕ ਆਊਟ' ਕਰਨ ਹੀ ਲੱਗੇ ਸਨ ਕਿ ਪ੍ਰੈਜੀਡੈਂਟ ਨੇ ਉਹਨਾਂ ਨੂੰ ਜਿਵੇਂ-ਕਿਵੇਂ ਵਰਜ ਰੱਖਿਆ ਸੀ)। ਬਹਰਹਾਲ ਉਹਨਾਂ ਨੇ ਪ੍ਰੈਜੀਡੈਂਟ ਵੱਲੋਂ ਲਿਖਵਾਈ ਅਦਾਲਤੀ ਟਿੱਪਣੀ ਦੀ ਤਾਈਦ ਕਰਨੋਂ ਸਾਫ਼ ਇਨਕਾਰ ਕਰਦੇ ਹੋਏ ਆਪਣਾ ਮਤਭੇਦ (dissent) ਦਰਜ ਕੀਤਾ ਸੀ।

ਜਸਟਿਸ ਕੋਲਡਸਟੀਮ ਨੇ ਇਹਦੇ ਫਲ਼ਸਰੂਪ ਪੰਜਾਬ ਦੇ ਗਵਰਨਰ ਨੂੰ ਉਹਨਾਂ (ਜਸਟਿਸ ਆਗ਼ਾ ਹੈਦਰ) ਦੇ 'ਨਾ-ਮਿਲਵਰਤਣ' ਬਾਰੇ ਸੂਚਿਤ ਕੀਤਾ। ਉਹਨੇ ਸਰਕਾਰੀ ਵਕੀਲ ਨੌਡ ਨੂੰ ਉਹਨਾਂ ਨੂੰ ਸ਼ਾਂਤ ਕਰਨ (pacify) ਲਈ ਉਨ੍ਹਾਂ ਦੇ ਘਰ ਭੇਜਿਆ ਤਾਂ ਉਹਨਾਂ ਨੌਡ ਨੂੰ ਇਹ ਕਹਿੰਦੇ ਹੋਏ ਘਰੋਂ ਕੱਢ ਦਿੱਤਾ, "ਮੈਂ ਜੱਜ ਹਾਂ, ਬੁਚੜ ਨਹੀਂ।" ਉਹਨਾਂ ਨੇ ਲਾਹੌਰ ਹਾਈ ਕਰਟ ਦੇ ਚੀਫ਼ ਜਸਟਿਸ ਸ਼ਾਦੀ ਲਾਲ ਨੂੰ ਇਹਦੀ ਬਾਕਾਇਦਾ (formal) ਸ਼ਿਕਾਇਤ ਵੀ ਲਿਖ ਭੇਜੀ ਸੀ। 21 ਜੂਨ 1930 ਨੂੰ ਨਵਗਠਤ ਟ੍ਰਿਬਿਊਨਲ ਨੇ ਹੀ ਭਗਤ ਸਿੰਘ ਲਈ ਫਾਂਸੀ ਦਾ ਹੁਕਮ ਸੁਣਾਇਆ ਸੀ। ਜਸਟਿਸ ਹੈਦਰ (ਆਪਣੇ ਪਿਤਰੀ ਸ਼ਹਿਰ) ਸਹਾਰਨਪੁਰ ਵਿਖੇ 2 ਫ਼ਰਵਰੀ 1947 ਨੂੰ ਸਦੀਵੀ ਵਿਛੋੜਾ ਦੇ ਗਏ ਸੀ।

ਨੋਟ: ਅਦਾਲਤੀ ਰਿਕਾਰਡ ਅਨੁਸਾਰ ਦੋਸ਼ੀ ਤਾਂ ਉਸਤੋਂ ਮਗਰੋਂ ਅਦਾਲਤ ਵਿੱਚ ਆਉਣਾ ਛੱਡ ਹੀ ਗਏ ਸੀ, ਪਰ ਜਸਟਿਸ ਹੈਦਰ 20 ਜੂਨ ਤੱਕ, ਜਿੰਨੇ ਦਿਨ ਅਦਾਲਤ 'ਚ ਸ਼ਾਮਲ ਰਹੇ, ਉਹਨਾਂ ਵਾਦਾ ਮਾਫ਼ ਗਵਾਹਾਂ (ਜੈਗੋਪਾਲ ਅਤੇ ਹੰਸ ਰਾਜ ਵੋਹਰਾ) ਦੇ ਬਿਆਨਾਂ ਦੇ ਬਖੀਏ ਉਧੇੜਣ 'ਚ ਕੋਈ ਕਸਰ ਨਹੀਂ ਛੱਡੀ। — ਸੰਪਾਦਕ

ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਈਮੇਲ: mjswaraich29@gmail.com
ਫੋਨ: 0172-2556314

---